**International Journal of Advanced Education and Research**
**ISSN: 2455-5746, Impact Factor: RJIF 5.34**
**www.alleducationjournal.com**
**Volume 1; Issue 7; July 2016; Page No. 61-62**

# ਸਾਂਈ ਬੁੱਲ੍ਹੇ ਸ਼ਾਹ ਦੇ ਸਮੇਂ ਦੀਆਂ ਸਮਾਜਿਕ ਪਰਿਸਥਿਥੀਆਂ

ਸ਼ਰਦੇਵ ਸਿੰਘ ਗਿੱਲ

ਐਮ. ਏ. ਪੀ-ਐਚ. ਡੀ

ਬੁੱਲ੍ਹੇ ਸ਼ਾਹ ਦੇ ਕਾਲ ਵਿੱਚ ਸਮਾਜ ਜਾਤੀਵਾਦ ਵਿੱਚ ਵੰਡਿਆ ਹੋਇਆ ਸੀ ਕਿਸੇ ਨੂੰ ਆਪਣੀ ਜਾਤ ਦਾ ਮਾਣ ਸੀ, ਕਿਸੇ ਨੂੰ ਧਾਰਮਿਕ ਆਗੂ ਹੋਣ ਦਾ, ਕਿਸੇ ਨੂੰ ਹਕੂਮਤ ਦਾ ਫਾਖਰ ਸੀ ਤੇ ਕੋਈ ਖਾਨਦਾਨ ਦਾ ਮਾਣ ਕਰਦਾ ਸੀ। ਸਮਾਜਿਕ ਪੱਖੋਂ ਮੁਸਲਮਾਨ ਤਿੰਨ ਵੱਖ ਵੱਖ ਸ਼੍ਰੇਣੀਆਂ ਵਿੱਚ ਵੰਡੇ ਹੋਏ ਸਨ।

**ਉੱਚ ਸ਼੍ਰੇਣੀ:** ਇਹ ਸ਼੍ਰੇਣੀ ਵੱਡੇ ਵੱਡੇ ਮਨ-ਮਨਦਾਰਾਂ ਦੀ ਸੀ। ਇਹ ਲੋਕ ਬੜੀਆਂ ਉੱਚੀਆਂ ਪਦਵੀਆਂ ਤੇ ਲੱਗੇ ਹੋਏ ਸਨ ਤੇ ਬਹੁਤ ਧਨੀ ਸਨ। ਇਹ ਐਸ਼-ਪ੍ਰਸਤੀ ਦਾ ਜੀਵਨ ਬਤੀਤ ਕਰਦੇ ਤੇ ਅਨੇਕਾਂ ਇਸਤਰੀਆਂ ਇਨ੍ਹਾਂ ਦੇ ਮਨ ਪ੍ਰਚਾਵੇ ਲਈ ਹਾਜ਼ਰ ਰਹਿੰਦੀਆਂ। ਇਹ ਆਪਣੀਆਂ ਵੱਡੀਆਂ ਵੱਡੀਆਂ ਦਾਅਵਤਾਂ ਵਿੱਚ ਸ਼ਰਾਬ ਦਾ ਸੇਵਨ ਕਰਦੇ ਤੇ ਸੁੰਦਰ ਇਸਤਰੀਆਂ ਦਾ ਨਾਚ ਕਰਾਉਂਦੇ, ਜੂਆ ਖੇਡਦੇ, ਸ਼ਿਕਾਰ ਕਰਦੇ, ਪਸ਼ੂ ਪੰਛੀਆਂ ਦੀਆਂ ਲੜਾਈਆਂ ਵੇਖਣੀਆਂ ਇਨ੍ਹਾਂ ਦਾ ਸ਼ੌਂਕ ਸੀ। ਇਹ ਸਮੁੱਚੇ ਸਮਾਜ ਦਾ ਧੁਰਾ ਸਨ ਤੇ ਕਾਨੂੰਨ ਇਨ੍ਹਾਂ ਦੁਆਰਾ ਬੱਝਾ ਹੁੰਦਾ ਸੀ।

**ਮੱਧ ਸ਼੍ਰੇਣੀ:** ਮੁਸਲਮਾਨਾਂ ਦੀ ਇਸ ਸ਼੍ਰੇਣੀ ਵਿੱਚ ਵਿਉਪਾਰੀ, ਸੈਨਿਕ, ਵਾਹੀ ਕਰਨ ਵਾਲੇ ਤੇ ਛੋਟੇ ਦਰਜੇ ਦੇ ਕਰਮਚਾਰੀ ਆਉਂਦੇ ਹਨ। ਇਨ੍ਹਾਂ ਦੀ ਉੱਚੀ ਸ਼੍ਰੇਣੀ ਦੇ ਲੋਕਾਂ ਨਾਲੋਂ ਗਿਣਤੀ ਅਧਿਕ ਸੀ ਇਹ ਆਮ ਸਾਧਾਰਨ ਜੀਵਨ ਬਤੀਤ ਕਰਦੇ ਸਨ। ਇੱਕ ਯੂਰਪੀਅਨ ਯਾਤਰੀ ਜੋ 1631 ਈ: ਵਿੱਚ ਪੰਜਾਬ ਆਇਆ ਲਿਖਦਾ ਹੈ, "ਇਸ ਸ਼੍ਰੇਣੀ ਦੇ ਲੋਕ ਕਾਫੀ ਸੁਖੀ ਤੇ ਸ਼ਾਂਤੀ ਪੂਰਵਕ ਜੀਵਨ ਬਤੀਤ ਕਰ ਰਹੇ ਸਨ"।

**ਨੀਵੀਂ ਸ਼੍ਰੇਣੀ:** ਇਹ ਸ਼੍ਰੇਣੀ ਜੁਲਾਹੇ, ਲੁਹਾਰ, ਤਰਖਾਣਾ ਮੋਚੀਆਂ ਤੇ ਦਸਤਕਾਰੀ ਮਜ਼ਦੂਰਾਂ ਦੀ ਸੀ। ਛੋਟੇ ਤੋਂ ਛੋਟੇ ਦੁਕਾਨਦਾਰ ਤੋਂ ਘਰੇਲੂ ਨੌਕਰ ਵੀ ਇਸੇ ਸ਼੍ਰੇਣੀ ਵਿੱਚ ਆਉਂਦੇ ਸਨ। ਇਨ੍ਹਾਂ ਲੋਕਾਂ ਦਾ ਜੀਵਨ ਪੱਧਰ ਕਾਫੀ ਨੀਵਾਂ ਸੀ। ਦਿਨ ਭਰ ਦੀ ਕਰੜੀ ਮਿਹਨਤ ਤੋਂ ਪਿੱਛੋਂ ਵੀ ਢਿੱਡ ਭਰ ਕੇ ਰੋਟੀ ਨਸੀਬ ਨਹੀਂ ਸੀ ਹੁੰਦੀ ਤੇ ਇਨ੍ਹਾਂ ਦੇ ਬੱਚੇ ਕੇਵਲ ਇੱਕ ਲੰਗੋਟ ਬੰਨ੍ਹ ਕੇ ਤੁਰੇ ਫਿਰਦੇ ਰਹਿੰਦੇ ਸਨ। ਦਾਸਾਂ ਦੀ ਹਾਲਤ ਬਹੁਤ ਹੀ ਮੰਦੀ ਤੇ ਤਰਸਯੋਗ ਸੀ ਉਨ੍ਹਾਂ ਦੀ ਉਨਤੀ ਤੇ ਅਵਸਰ ਬਹੁਤ ਸੀਮਿਤ ਸਨ।

ਸਾਂਈ ਬੁੱਲ੍ਹੇ ਦੇ ਸਮੇਂ ਹਿੰਦੂ ਵੀ ਮੁੱਖ ਚਾਰ ਜਾਤੀਆਂ ਬ੍ਰਹਮਣ, ਖੱਤਰੀ, ਵੈਸ਼ ਤੇ ਸੂਦਰਾ ਵਿੱਚ ਵੰਡੇ ਹੋਏ ਸਨ। ਖੱਤਰੀ ਜ਼ਿਆਦਾ ਤਰ ਸ਼ਹਿਰਾਂ ਵਿੱਚ ਰਹਿੰਦੇ ਸਨ, ਜੋ ਵਿਉਪਾਰ, ਦੁਕਾਨਦਾਰੀ ਜਾਂ ਸਾਹੂਕਾਰੀ ਦਾ ਕੰਮ ਕਰਦੇ ਸਨ। ਜੱਟ ਪਿੰਡਾਂ ਵਿੱਚ ਰਹਿੰਦੇ ਤੇ ਖੇਤੀ ਦਾ ਕੰਮ ਕਰਦੇ ਸਨ। ਰਾਜਪੂਤ ਲੋਕ ਪਹਾੜੀ ਇਲਾਕਿਆਂ ਵਿੱਚ ਨਿਵਾਸ ਕਰਦੇ ਸਨ ਤੇ ਬੜੇ ਦਲੇਰ ਸਨ। ਬ੍ਰਹਮਣ ਮੰਦਰਾਂ ਵਿੱਚ ਰਹਿੰਦੇ ਤੇ ਸਿੱਖਿਆ ਦੇਣ ਦਾ ਕੰਮ ਕਰਦੇ ਸਨ। ਪੰਜਾਬ ਵਿੱਚ ਬ੍ਰਾਹਮਣਾਂ ਦਾ ਮਹੱਤਵ ਦੂਜੇ ਸੂਬਿਆ ਦੇ ਮੁਕਾਬਲੇ ਘੱਟ ਸੀ। ਉੱਚੀ ਜਾਤੀ ਦੇ ਹਿੰਦੂ ਨੀਵੀਂ ਜਾਤੀ ਦੇ ਹਿੰਦੂਆਂ ਨਾਲ ਘ੍ਰਿਣਾ ਕਰਦੇ ਸਨ ਤੇ ਕੋਈ ਵੀ ਉਨ੍ਹਾਂ ਨਾਲ ਸਮਾਜਿਕ ਲੈਣ ਦੇਣ ਨਹੀਂ ਕਰਦੇ ਸਨ ਪਰ ਮਗਰੋਂ ਗੁਰੂ ਗੋਬਿੰਦ ਸਿੰਘ ਜੀ ਨੇ ਨੀਵੀਂ ਜਾਤੀ ਦੇ ਲੋਕਾਂ ਨੂੰ ਖਾਲਸਾ ਪੰਥ ਦੀ ਸਥਾਪਨਾ ਸਮੇਂ ਉੱਚੀ ਜਾਤੀ ਦੇ ਬਰਾਬਰ ਥਾਂ ਦਿੱਤੀ। ਹਿੰਦੂਆਂ ਦਾ ਦੂਜੀ ਜਾਤੀ ਅੰਦਰ ਵਿਆਹ ਮਨ੍ਹਾ ਸੀ। ਕੇਵਲ ਬ੍ਰਾਹਮਣ ਹੀ ਕਿਸੇ ਵੀ ਜਾਤੀ ਅੰਦਰ ਵਿਆਹ ਕਰਵਾ ਸਕਦੇ ਸਨ। ਜਾਤੀ ਦੇ ਅੰਦਰ ਵੀ ਇੱਕੋ ਗੋਤ ਦੇ ਕੁੜੀ ਮੁੰਡਾ ਵਿਆਹ ਨਹੀਂ ਕਰਵਾ ਸਕਦੇ ਸਨ।

ਔਰੰਗਜ਼ੇਬ ਤੇ ਇਸ ਤੋਂ ਪਿੱਛੋਂ ਦੇ ਸੁੰਨੀ ਮੁਸਲਮਾਨਾਂ ਨੇ ਹਿੰਦੂਆਂ ਤੇ ਹੋਰਨਾਂ ਜਾਤੀ ਦੇ ਲੋਕਾਂ ਨੂੰ ਸਮਾਜਿਕ ਪੱਖ ਤੋਂ ਵੀ ਬਹੁਤ ਹਾਨੀ ਪਹੁੰਚਾਈ। ਜਿੱਥੇ ਹਿੰਦੂਆਂ ਨੂੰ ਮੁਸਲਮਾਨ ਬਣਾਇਆ ਗਿਆ ਉੱਥੇ ਨਾਲ ਹੀ ਬਾਕੀਆਂ ਨੂੰ ਉੱਚੀਆਂ ਪਦਵੀਆਂ ਤੋਂ ਲਾਹ ਦਿੱਤਾ ਗਿਆ। ਉਨ੍ਹਾਂ ਤੇ ਜਜ਼ੀਆ ਲਗਾ ਦਿੱਤਾ। ਜਿਸ ਨੂੰ ਸਖਤੀ ਨਾਲ ਉਗਰਾਇਆ ਜਾਂਦਾ ਸੀ।ਹਿੰਦੂਆਂ ਨੂੰ ਜਾਂ ਤਾਂ ਮੁਸਲਮਾਨ ਬਨਣਾ ਪੈ ਰਿਹਾ ਸੀ ਜਾਂ ਫਿਰ ਜਾਨ ਹਾਜ਼ਰ ਕਰਨੀ ਪੈਂਦੀ ਸੀ। ਮੁਸਲਮਾਨ ਇਨ੍ਹਾਂ ਹਿੰਦੂਆਂ ਨੂੰ 'ਕਾਫਿਰ' ਆਖਦੇ ਸਨ ਤੇ ਹਿੰਦੂ ਇਹਨਾਂ ਨੂੰ ਮਲੇਸ਼ (ਰਾਖਸ਼) ਸਮਝਦੇ ਸਨ।

**ਇਸਤਰੀਆਂ ਦੀ ਹਾਲਤ:** ਮੁਗਲਕਾਲ ਸਮੇਂ ਇਸਤਰੀਆਂ ਦੀ ਹਾਲਤ ਚੰਗੀ ਨਹੀਂ ਸੀ। ਛੋਟੀ ਉਮਰ ਵਿੱਚ ਲੜਕੀਆ ਦਾ ਵਿਆਹ ਕਰ ਦਿੱਤਾ ਜਾਂਦਾ ਸੀ। ਜਿਸ ਕਾਰਨ ਉਨ੍ਹਾਂ ਦਾ ਸਰੀਰਕ ਤੇ ਮਾਨਸਿਕ ਵਿਕਾਸ ਰੁਕ ਜਾਂਦਾ ਸੀ। ਉੱਚੀ ਸ਼੍ਰੇਣੀ ਦੀਆਂ ਮੁਸਲਮਾਨ ਇਸਤਰੀਆਂ ਕੱਪੜਿਆਂ ਵਿੱਚ ਢੱਕੀਆਂ ਹੋਈਆਂ ਡੋਲੀ ਵਿੱਚ ਬੈਠ ਕੇ ਬਜ਼ਾਰਾਂ ਵਿੱਚ ਜਾਂਦੀਆਂ ਸੀ। ਨੀਵੀਂ ਸ਼੍ਰੇਣੀ ਦੀਆਂ ਬੁਰਕਾ ਪਾਉਂਦੀਆਂ ਸਨ। ਹਿੰਦੂ ਇਸਤਰੀਆਂ ਵਿੱਚ ਘੁੰਡ ਦਾ ਰਿਵਾਜ਼ ਸੀ। ਉਨ੍ਹਾਂ ਨੂੰ ਘਰਾਂ ਦੀਆਂ ਚਾਰ ਦੀਵਾਰੀ ਵਿੱਚ ਬੰਦ ਰੱਖਿਆ ਜਾਂਦਾ ਸੀ। ਉਨ੍ਹਾਂ ਦੀ ਸਿੱਖਿਆ ਵੱਲ ਕੋਈ ਧਿਆਨ ਨਹੀਂ ਸੀ ਦਿੱਤਾ ਜਾਂਦਾ। ਸਤੀ ਪ੍ਰਥਾ ਪੂਰੀ ਤਰ੍ਹਾਂ ਪ੍ਰਚਲਿਤ ਸੀ। ਬਰਨੀਅਰ ਨਾਮੀ ਇੱਕ ਵਿਦੇਸ਼ੀ ਯਾਤਰੀਆਂ ਨੇ ਲਹੌਰ ਵਿੱਚ ਔਰਤਾਂ ਨੂੰ ਸੜਦਿਆਂ ਵੇਖਿਆ ਤੇ ਇਸ ਘਟਨਾ ਦਾ ਜ਼ਿਕਰ ਉਸ ਨੇ ਆਪਣੇ ਲੇਖ ਵਿੱਚ ਕੀਤਾ। ਇੱਕ ਤੋਂ ਵੱਧ ਇਸਤਰੀਆਂ ਨਾਲ ਵਿਆਹ ਕਰਨ ਦੀ ਖੁੱਲ੍ਹ ਸੀ। ਅਮੀਰ ਤੇ ਉੱਚ ਸ਼੍ਰੇਣੀ ਦੇ ਮੁਸਲਮਾਨ ਤਾਂ ਆਪਣੇ ਮਨੋਰੰਜਣ ਲਈ ਬਹੁਤ ਜ਼ਿਆਦਾ ਇਸਤਰੀਆਂ ਰੱਖਦੇ ਸਨ। ਇਨ੍ਹਾਂ ਵਿੱਚ ਇਸਤਰੀ ਨੂੰ ਤਲਾਕ ਦੇਣ

ਦਾ ਰਿਵਾਜ਼ ਆਮ ਸੀ। ਵਿਆਹ ਲੜਕੀ ਨਾਲੋਂ ਦਾਜ ਨੂੰ ਜ਼ਿਆਦਾ ਅਹਿਮਤੀਆਂ ਦਿੱਤੀ ਜਾਂਦੀ ਸੀ ਤੇ ਦਾਜ ਤੋਂ ਬਿਨਾਂ ਆਈ ਇਸਤਰੀ ਦੀ ਸੋਹਰੇ ਘਰ ਕੋਈ ਇਜ਼ਤ ਨਹੀਂ ਸੀ। ਇਸ ਤੋਂ ਬਿਨਾਂ ਸਮਾਜ ਵਿੱਚ ਵੇਸਵਾਵਾਂ ਤੇ ਛੁਟੜ ਇਸਤਰੀਆਂ ਨਾਲ ਬੁਰਾ ਸਲੂਕ ਕੀਤਾ ਜਾਂਦਾ ਸੀ ਜੋ ਸਮਾਜ ਲਈ ਨਾ-ਮੁਰਾਦ ਸਨ।

**ਖਾਣ-ਪੀਣ:** ਬੁੱਲ੍ਹੇ ਦੇ ਸਮੇਂ ਦੇ ਲੋਕ ਵੀ ਹੁਣ ਵਾਂਗ ਕਣਕ ਦੀ ਰੋਟੀ ਚੌਲ, ਦਾਲਾਂ-ਸਬਜ਼ੀਆਂ, ਦੁੱਧ-ਦਹੀਂ-ਮੱਖਣ ਤੋਂ ਬਿਨਾਂ ਮਾਸ ਦੀ ਵਰਤੋਂ ਵੀ ਆਮ ਕਰਦੇ ਸਨ। ਮੁਸਲਮਾਨ ਲੱਗਭਗ ਸਾਰੇ ਹੀ ਮਾਸਾਹਾਰੀ ਸਨ ਪਰ ਹਿੰਦੂਆਂ ਦੀ ਕਾਫੀ ਗਿਣਤੀ ਵੈਸ਼ਨੂੰਆਂ ਦੀ ਸੀ। ਉੱਚੀ ਸ਼੍ਰੇਣੀ ਦੇ ਲੋਕਾਂ ਦਾ ਭੋਜਨ ਆਮ ਲੋਕਾਂ ਨਾਲੋਂ ਵਧੀਆ ਸੀ। ਉਹ ਆਪਣੇ ਭੋਜਨ ਵਿੱਚ ਪੂਰੀਆਂ, ਹਲਵੇ, ਖੀਰਾਂ ਤੇ ਕਈ ਪ੍ਰਕਾਰ ਦੇ ਮਾਸ ਦਾ ਸੇਵਨ ਕਰਦੇ ਸਨ। ਸ਼ਰਾਬ ਦੀ ਵਰਤੋਂ ਉਨ੍ਹਾਂ ਲਈ ਆਮ ਸੀ। ਨੀਵੀਂ ਜਾਤੀ ਦੇ ਲੋਕ ਸਾਦੀ ਦਾਲ-ਸਬਜ਼ੀ ਖਾਂਦੇ ਸਨ। ਮੁਸਲਮਾਨ ਆਮ ਤੌਰ ਤੇ ਚੀਨੀ, ਕੱਚ ਤੇ ਮਿੱਟੀ ਦੇ ਭਾਂਡਿਆ ਦੀ ਵਰਤੋਂ ਕਰਦੇ ਸਨ। ਹਿੰਦੂ ਤਾਂਬੇ ਤੇ ਪਿੱਤਲ ਦਿਆਂ ਦੀ। ਹਿੰਦੂ ਖਾਣਾ ਤਿਆਰ ਕਰਨ ਤੋਂ ਪਹਿਲਾਂ ਰਸੋਈ ਜਾਂ ਚੌਂਕੇ ਨੂੰ ਪਵਿੱਤਰ ਕਰਨ ਲਈ ਗੋਹੇ ਦਾ ਪੋਚਾ ਮਾਰਦੇ ਸਨ, ਵਿਸ਼ੇਸ਼ ਤੌਰ ਤੇ ਗਊ ਦੇ ਗੋਹੇ ਦਾ। ਮੁਸਲਮਾਨ ਸ਼ਰਾਬ ਤੋਂ ਬਿਨਾਂ ਅਫੀਮ, ਤਮਾਕੂ ਦੀ ਵਰਤੋਂ ਆਮ ਕਰਦੇ ਸਨ। 1699 ਈ: ਵਿੱਚ ਗੁਰੂ ਗੋਬਿੰਦ ਸਿੰਘ ਜੀ ਨੇ ਸਿੱਖਾਂ ਨੂੰ ਤਮਾਕੂ ਦੀ ਵਰਤੋਂ ਤੋਂ ਸਖਤ ਮਨ੍ਹਾ ਕਰ ਦਿੱਤਾ।

**ਕੱਪੜੇ ਗਹਿਣੇ ਤੇ ਸ਼ਿੰਗਾਰ:** ਇਸ ਸਮੇਂ ਵਿੱਚ ਵੀ ਲੋਕ ਪਹਿਲਾਂ ਵਾਂਗ ਸੂਤੀ ਤੇ ਰੇਸ਼ਮੀ ਦੋਹਾਂ ਤਰ੍ਹਾਂ ਦੇ ਕੱਪੜੇ ਪਾਉਂਦੇ ਸਨ। ਪੰਜਾਬ ਦੇ ਲੋਕਾਂ ਨੇ ਹੌਲੀ ਮੁਸਲਮਾਨੀ ਢੰਗ ਦੇ ਕੱਪੜਿਆ ਨੂੰ ਵੀ ਅਪਣਾ ਲਿਆ ਸੀ ਤੇ ਉਨ੍ਹ ਦੇ ਇਸ ਪਹਿਰਾਵੇ ਨੂੰ ਪਸੰਦ ਕਰਨ ਲੱਗ ਪਏ ਸਨ। ਪੁਰਸ਼ ਖੁੱਲ੍ਹਾ ਕੁਰਤਾ, ਤੰਗ ਪਜਾਮਾਂ ਜਾਂ ਸਲਵਾਰ ਪਹਿਨਦੇ ਸਨ। ਪੱਗ ਦੀ ਵਰਤੋਂ ਵਿਸ਼ੇਸ਼ ਤੌਰ ਤੇ ਸਿੱਖਾਂ ਵਿੱਚ ਹੁੰਦੀ ਸੀ। ਕਈ ਲੋਕ ਕੁੱਲਾ ਪਾਉਂਦੇ ਸਨ।ਮਰਦ ਆਮ ਤੌਰ ਤੇ ਲੱਕ ਦੁਆਲੇ ਕੱਪੜਾ ਬੰਨਦੇ ਸਨ, ਜਿਸ ਨੂੰ ਕਮਰਬੰਦ ਕਿਹਾ ਜਾਂਦਾ ਸੀ। ਉੱਚੀ ਸ਼੍ਰੇਣੀ ਦੇ ਲੋਕਾਂ ਦੇ ਕੱਪੜਿਆਂ ਤੇ ਸੋਨੇ ਚਾਂਦੀ ਦੀ ਕਢਾਈ ਦਾ ਕੰਮ ਹੋਇਆ ਹੁੰਦਾ ਸੀ ਤੇ ਪੱਗਾਂ ਤੇ ਹੀਰੇ ਅਤੇ ਮੋਤੀ ਜੜੇ ਹੁੰਦੇ ਸਨ। ਇਸਤਰੀਆਂ ਪਹਿਰਾਵੇ ਚੋਂ ਚੋਲੀ ਅਤੇ ਪਜਾਮਾਂ (ਸੁੱਥਣ) ਜਾਂ ਲਹਿੰਗਾ ਪਾਉਂਦੀਆਂ ਤੇ ਸਿਰ ਤੇ ਚਾਦਰ ਜਾਂ ਦੁਪੱਟਾ ਲੈਂਦੀਆਂ ਸਨ। ਘਰ ਤੋਂ ਬਾਹਰ ਜਾਂਦੇ ਸਮੇਂ ਇਸਤਰੀਆਂ ਬੁਰਕਾ ਪਾ ਲੈਂਦੀਆਂ ਸਨ।

ਇਸਤਰੀਆਂ ਸਰੀਰ ਤੇ ਗਹਿਣਆਂ ਦੀ ਅਧਿਕ ਵਰਤੋਂ ਕਰਦੀਆਂ ਸਨ। ਉਹ ਗਲ ਵਿੱਚ ਕੈਂਠਾ, ਬਾਹਾਂ ਵਿੱਚ ਕੰਗਣ, ਚੂੜੀਆਂ ਤੇ ਤੇ ਬਾਜੂਬੰਦ, ਕੰਨਾਂ ਵਿੱਚ ਕਾਂਟੇ,ਨੱਕ ਵਿੱਚ ਨੱਥ, ਅੰਗੂਠੀਆਂ ਤੇ ਪੈਰਾਂ ਵਿੱਚ ਪੰਜੇਬਾਂ ਪਾਉਂਦੀਆਂ ਸਨ। ਇਹ ਗਹਿਣੇ ਸੋਨੇ ਜਾਂ ਚਾਂਦੀ ਦੇ ਹੁੰਦੇ ਸਨ। ਇਸ ਤੋਂ ਇਲਾਵਾ ਇਹ ਸਰੀਰ ਦੇ ਹਾਰ ਸ਼ਿੰਗਾਰ ਲਈ ਹੋਠਾਂ ਨੂੰ ਰੰਗਦੀਆਂ, ਹਥੇਲੀਆਂ ਤੇ ਮਹਿੰਦੀ ਤੇ ਅੱਖਾਂ ਵਿੱਚ ਸੁਰਮਾਂ ਪਾਉਂਦੀਆਂ ਸਨ। ਉਹ ਵਾਲਾਂ ਨੂੰ ਵਾਹ ਸਵਾਰ ਕੇ ਰੱਖਦੀਆਂ। ਮਰਦ ਦਾੜ੍ਹੀ ਮੁੱਛਾਂ ਨੂੰ ਸੰਵਾਰ ਕੇ ਰੱਖਦੇ ਸਨ। ਖਾਲਸਾ ਪੰਥ ਦੀ ਸਥਾਪਨਾ ਪਿੱਛੋਂ ਪੂਰਨ ਸਿੰਘ ਕੇਸ ਰੱਖਦੇ ਉਨ੍ਹਾਂ ਨੂੰ ਦਾੜ੍ਹੀ ਮੁੱਛਾ ਮਨਾਉਣ ਤੇ ਮਨਾਹੀ ਸੀ। ਇਸ ਤੋਂ ਬਿਨਾਂ ਸਿੱਖ ਕੱਛਾ, ਕੜਾ, ਕਿਰਪਾਨ ਤੇ ਕੰਘਾ ਪਹਿਨਦੇ ਤੇ ਸਿਰ ਤੇ ਪੱਗੜੀ ਬੰਨਦੇ ਸਨ। ਹਿੰਦੂ ਜ਼ਿਆਦਾ ਤਰ ਸਿਰ ਦਾੜ੍ਹੀ ਸਫਾ ਚੱਟ ਕਰਕੇ ਰੱਖਦੇ ਸਨ।

**ਮਨ ਪਰਚਾਵੇ ਦੇ ਸਾਧਨ:** ਉੱਚੀ ਸ਼੍ਰੇਣੀ ਦੇ ਲੋਕ ਆਪਣਾ ਮਨ ਪਰਚਾਵਾ ਸ਼ਿਕਾਰ ਘੋੜ-ਦੌੜ, ਪਸ਼ੂ-ਪੰਛੀਆਂ ਦੀ ਲੜਾਈ, ਚੋਗਾਨ ਖੇਡਣਾ, ਕਬੂਤਰ ਉਡਾ ਕੇ ਜਾਂ ਜੂਆ ਖੇਡ ਕੇ ਤੇ ਸ਼ਰਾਬ ਪੀ ਕੇ ਕਰਦੇ ਸਨ। ਉਨ੍ਹਾਂ ਦੇ ਮਨ ਪਰਚਾਵੇ ਦਾ ਸਾਧਨ ਸਭ ਤੋਂ ਵੱਡਾ ਔਰਤਾਂ ਸਨ ਜਿਨ੍ਹਾਂ ਰਾਹੀਂ ਉਹ ਆਪਣੀ ਹਵਸ ਪੂਰੀ ਕਰਦੇ ਤੇ ਔਰਤਾਂ ਨੂੰ ਨਚਾਉਂਦੇ ਸਨ। ਮੱਧ ਵਰਗ ਦੇ ਲੋਕ ਤਾਸ਼ ਖੇਡਣਾ, ਪਤੰਗ ਉਡਾਉਣਾ, ਰੁੱਖਾਂ ਤੇ ਚੜ੍ਹਨਾ, ਭਲਵਾਨਾਂ ਦੀਆਂ ਕੁਸ਼ਤੀਆਂ ਕਰਾਉਣੀਆਂ, ਮਦਾਰੀਆਂ ਤੇ ਜਾਦੂਗਰਾਂ ਦੇ ਤਮਾਸ਼ਾਂ ਆਦਿ ਵੇਖ ਕੇ ਆਪਣਾ ਮਨ ਬਹਿਲਾਉਂਦੇ ਸਨ। ਇਸ ਤੋਂ ਛੁਟ ਸੰਗੀਤ, ਚਿਤਰਕਾਰੀ, ਮੁਸ਼ਾਇਰੇ ਤੇ ਕਵੀ ਲੋਕਾਂ ਦੇ ਮਨ ਪਰਚਾਵੇ ਦੇ ਸਾਧਨ ਸਨ। ਇਸ ਸਮੇਂ ਦੀਆਂ ਸਮਾਜਿਕ ਪਰਸਿਥੀਆਂ ਦਾ ਜ਼ਿਕਰ ਬੁੱਲ੍ਹੇ ਸ਼ਾਹ ਦੀ ਰਚਨਾ ਵਿੱਚ ਆਮ ਵੇਖਣ ਨੂੰ ਮਿਲਦਾ ਹੈ। ਜਿਸ ਵਿੱਚ ਉਸ ਨੇ ਸਮੇਂ ਦੇ ਝੂਠੇ ਮੁਲਾਣਿਆਂ ਤੇ ਧਰਮ ਦੇ ਠੇਕੇਦਾਰਾਂ ਨੂੰ ਖੂਬ ਭੰਡਿਆਂ ਹੈ ਜੋ ਰਿਸ਼ਵਤ ਖੋਰ, ਸੂਦ ਖੋਰ ਤੇ ਪਰਾਇਆ ਧਨ ਖਾਣ ਦੇ ਆਦਿ ਹੋ ਚੁੱਕੇ ਸਨ। ਨਾਲ ਹੀ ਮਾਨਵਤਾ ਤੇ ਰੂਹਾਨੀਅਤ ਦੇ ਪੁਜਾਰੀ ਬੁੱਲੇ ਨੇ ਕਈ ਨਵੀਂਆਂ ਕਦਰਾਂ-ਕੀਮਤਾਂ ਸਮਾਜ ਨੂੰ ਦੇ ਕੇ ਜਾਗਰੁਕਤਾ ਪੈਦਾ ਕੀਤੀ ਹੈ ਤੇ ਸਮਾਜ ਨੂੰ ਹਰ ਪੱਖੋਂ ਸੁਚੇਤ ਕੀਤਾ ਹੈ।

### ਸਹਾਇਕ ਪੁਸਤਕ ਸੂਚੀ


1. ਪੰਜਾਬੀ ਸਾਹਿਤ ਦਾ ਇਤਿਹਾਸ – ਲਾਹੌਰ ਬੁਕਸ਼ਾਪ, ਲੁਧਿਆਣਾ ਡਾ. ਸੁਰਿੰਦਰ ਸਿੰਘ ਕੋਹਲੀ
2. ਸੂਫੀ ਕਾਵਿ ਅੰਕ – ਭਾਸ਼ਾ ਵਿਭਾਗ ਪੰਜਾਬ, ਪਟਿਆਲਾ
3. ਪੰਜਾਬੀ ਸਾਹਿਤ ਦਾ ਅਲੋਚਨਾਤਮਿਕ – ਪੈਪਸੂ ਬੁਕ ਡਿਪੂ ਪਟਿਆਲਾ ਇਤਿਹਾਸ।
4. ਪੰਜਾਬੀ ਸਾਹਿਤ ਦਾ ਇਤਿਹਾਸ – ਡਾ. ਸੁਰਿੰਦਰ ਸਿੰਘ ਕੋਹਲੀ (ਭਾਗ ਦੂਜਾ)
5. ਸੂਫੀਵਾਦ ਤੇ ਹੋਰ ਲੇਖ – ਡਾ. ਦਿਵਾਨ ਸਿੰਘ ਕਾਲੇਪਾਣੀ
6. ਪੰਜਾਬੀ ਸਾਹਿਤ ਦੀ ਉਤਪਤੀ ਤੇ -ਕਿਰਪਾਲ ਸਿੰਘ ਕਸੇਨ ਤੇ ਹੋਰ ਵਿਕਾਸ।
7. ਪੰਜਾਬ ਦੇ ਹੀਰੇ – ਮੌਲਾ ਬਖਸ਼ ਕੁਸ਼ਤਾ
8. ਬੁੱਲ੍ਹੇ ਸ਼ਾਹ ਜੀਵਨ ਤੇ ਰਚਨਾ – ਡਾ. ਜੀਤ ਸਿੰਘ ਸੀਤਲ
9. ਬੁੱਲ੍ਹੇ ਸ਼ਾਹ ਅਲੋਚਨਾਤਮਿਕ ਅਧਿਐਨ – ਡਾ. ਕਾਲਾ ਸਿੰਘ ਬੇਦੀ
10. ਕੁਲੀਅਤ ਬੁੱਲ੍ਹੇ ਸ਼ਾਹ – ਫਕੀਰ ਮੁਹੰਮਦ ਫਕੀਰ